ਦਫਤਰ ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ, ਐਸ ਏ ਐਸ ਨਗਰ

ਕੰਪਃਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼ਃ8, ਸਅਸ ਨਗਰ

**(ਪਬਲਿਕ ਨੋਟਿਸ)**

ਮੀਮੋ ਨੰਃ ਟਰਾਂਸਫਰਸੈੱਲ/2023/333159/9 ਮਿਤੀਃਐਸ.ਏ.ਐਸ ਨਗਰਃ 19-06-2023

1.0 ਸਿੱਖਿਆ ਵਿਭਾਗ ਵੱਲੋਂ ਟੀਚਰ ਟਰਾਂਸਫਰ ਪਾਲਿਸੀ 2019 ਅਤੇ ਉਸ ਉਪਰੰਤ ਪਾਲਿਸੀ ਵਿੱਚ ਸਮੇਂ-2 ਤੇ ਹੋਈਆਂ ਸੋਧਾਂ ਤਹਿਤ ਪ੍ਰਾਪਤ ਪ੍ਰਤੀ ਬੇਨਤੀਆਂ ਦੇ ਆਧਾਰ ਤੇ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ/ਐਸ.ਟੀ.ਆਰ. ਵਲੰਟੀਅਰਜ ਦੇ ਸਾਲ 2023 ਦੌਰਾਨ ਆਨਲਾਈਨ ਬਦਲੀਆਂ ਦੇ ਹੁਕਮ ਜ਼ਾਰੀ ਕੀਤੇ ਗਏ ਹਨ।

2.0 ਵਿਭਾਗ ਵੱਲੋਂ ਪ੍ਰਾਇਮਰੀ ਵਿੰਗ ਨਾਲ ਸਬੰਧਤ ਜਿਨ੍ਹਾਂ ਅਧਿਆਪਕਾਂ ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ/ਐਸ.ਟੀ.ਆਰ. ਵਲੰਟੀਅਰਜ ਦੇ ਬਦਲੀ ਦੇ ਹੁਕਮ ਆਨਲਾਈਨ ਵਿਧੀ ਸਾਫਟਵੇਅਰ ਰਾਹੀਂ ਜਾਰੀ ਕੀਤੇ ਗਏ ਹਨ ਅਤੇ ਉਹ ਆਪਣੀ ਬਦਲੀ ਰੱਦ ਕਰਵਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਆਪਣੀ ਬਦਲੀ ਆਨਲਾਈਨ ਰੱਦ ਕਰਵਾਉਣ ਦਾ ਇੱਕ ਮੌਕਾ ਦਿੱਤਾ ਜਾਂਦਾ ਹੈ।

3.0 ਜੇਕਰ ਕੋਈ ਅਧਿਆਪਕ ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ/ਐਸ.ਟੀ.ਆਰ. ਵਲੰਟੀਅਰਜ ਬਦਲੀ ਰੱਦ ਕਰਵਾਉਣਾ ਚਾਹੁੰਦੇ ਹਨ ਅਤੇ ਉਨ੍ਹਾਂ ਦੇ ਪਿਛਲੇ ਸਕੂਲ ਭਾਵ ਜਿੱਥੋਂ ਬਦਲੀ ਹੋਈ ਹੈ; ਵਿਖੇ ਉਨ੍ਹਾਂ ਦੇ ਕਾਡਰ ਦੀ ਅਸਾਮੀ ਖਾਲੀ ਹੈ ਤਾਂ ਉਹ ਈਪੰਜਾਬ ਸਕੂਲ ਪੋਰਟਲ ਤੇ ਲਾਗ ਇੰਨ ਕਰਕੇ Transfer Cancellation Link ਤੇ Click ਕਰਕੇ ਬਦਲੀ ਰੱਦ ਕਰਵਾਉਣ ਲਈ ਆਨਲਾਈਨ ਬੇਨਤੀ ਮਿਤੀ 19.06.2023 ਤੋਂ 20.06.2023 ਤੱਕ ਦੇ ਸਕਦੇ ਹਨ। ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਅਧਿਆਪਕ ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ/ਐਸ.ਟੀ.ਆਰ. ਵਲੰਟੀਅਰਜ ਨੇ ਬਦਲੀ ਰੱਦ ਕਰਵਾਉਣ ਲਈ ਦਰਖਾਸਤ ਮੁੱਖ ਦਫਤਰ ਵਿਖੇ ਦਿੱਤੀ ਹੋਈ ਹੈ ਅਤੇ ਉਨ੍ਹਾਂ ਦੀ ਬਦਲੀ ਰੱਦ ਨਹੀਂ ਹੋਈ ਤਾਂ ਉਹ ਆਨਲਾਈਨ ਵਿੱਧੀ ਰਾਹੀਂ ਆਪਣੀ ਬਦਲੀ ਰੱਦ ਕਰਵਾ ਸਕਦੇ ਹਨ। ਮਿਤੀ 20.06.2023 ਤੋਂ ਬਾਅਦ ਬਦਲੀ ਰੱਦ ਕਰਵਾਉਣ ਸਬੰਧੀ ਕਿਸੇ ਵੀ ਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

19-06-2023

ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ),ਪੰਜਾਬ

2.29